ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)

---

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ. 160160/DPISE/2021/24/Cord/2025241980
ਮਿਤੀ 21-08-2025

ਵਿਸ਼ਾ:- ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਲਈ ਬੈਰੀਅਰ –ਫਰੀ ਵਾਤਾਵਰਣ ਪੈਦਾ ਕਰਨ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਵੱਲ ਧਿਆਨ ਦੇਣ ਸਬੰਧੀ।

ਹਵਾਲਾ:- ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ (ਡਿਸਏਬਿਲਟੀ ਸੈੱਲ) ਦਾ ਪੱਤਰ ਨੰ. SSWCD-5/8/2025-3DC/1175838 ਮਿਤੀ 13.08.2025.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

20.08.25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ.ਨੰ: ਉਕਤ/2025241981-983 ਮਿਤੀ. 21-08-2025

ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡੀ.ਜੀ.ਐਸ.ਈ. ਪੰਜਾਬ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਡੀ.ਐਸ.ਈ. (ਸੈ/ਐ), ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਐਸ.ਸੀ.ਈ.ਆਰ.ਟੀ. ਪੰਜਾਬ।

20.08.25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

SSWCD-5/8/2025-3DC/
**ਪੰਜਾਬ ਸਰਕਾਰ**
**ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ**
**(ਡਿਸਏਬੇਲਿਟੀ ਸੈੱਲ)**

ਮਿਤੀ, ਚੰਡੀਗੜ੍ਹ: 13-8-25

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
2. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ;
3. ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ;
4. ਜਿਲ੍ਹਾ ਅਤੇ ਸੈਸ਼ਨ ਜੱਜ ਪੰਜਾਬ ਰਾਜ ਵਿੱਚ;
5. ਰਾਜ ਦੇ ਸਮੂਹ ਡਿਪਟੀ ਕਮਿਸ਼ਨਰ;
6. ਚੇਅਰਮੈਨ, ਲੋਕ ਸੇਵਾ ਕਮਿਸ਼ਨ ਪੰਜਾਬ, ਪਟਿਆਲਾ;
7. ਚੇਅਰਮੈਨ, ਅਧੀਨ ਸੇਵਾਵਾਂ ਬੋਰਡ, ਪੰਜਾਬ;
8. ਬੋਰਡ/ਕਾਰਪੋਰੇਸ਼ਨਾਂ ਦੇ ਮੁੱਖੀ;
9. ਰਜਿਸਟਰਾਰ, ਸਮੂਹ ਯੂਨੀਵਰਸਿਟੀਆਂ ਪੰਜਾਬ ਰਾਜ;

ਵਿਸ਼ਾ:- ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਲਈ ਬੈਰੀਅਰ-ਫਰੀ ਵਾਤਾਵ੍ਰਣ ਪੈਦਾ ਕਰਨ ਅਤੇ ਉਨ੍ਹਾ ਦੀਆਂ ਮੁਸ਼ਕਿਲਾਂ ਵੱਲ ਧਿਆਨ ਦੇਣ ਸਬੰਧੀ।

***

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਇਸ ਵਿਭਾਗ ਦੇ ਪੱਤਰ ਨੰ: 3/3/2020-2ਡਸ/119 ਮਿਤੀ 04-02-2020 ਰਾਹੀਂ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਲਈ ਬੈਰੀਅਰ ਫਰੀ ਵਾਤਾਵਰਣ ਪੈਦਾ ਕਰਨ ਅਤੇ ਉਨ੍ਹਾ ਦੀਆਂ ਮੁਸਕਿਲਾ ਵੱਲ ਧਿਆਨ ਦੇਣ ਸਬੰਧੀ ਆਰ.ਪੀ.ਡਬਲਿਯੂ.ਡੀ. ਐਕਟ, 2016 ਦੀ ਧਾਰਾ 3 ਵਿੱਚ (ਸਮਾਨਤਾ ਅਤੇ ਗੈਰ ਵਿਤਕਰਾ) ਅਤੇ ਧਾਰਾ 20 ਵਿੱਚ (ਰੁਜ਼ਗਾਰ ਵਿੱਚ ਗੈਰ ਵਿਤਕਰਾ) ਸਬੰਧੀ ਕੀਤੇ ਉਪਬੰਧਾ ਦੇ ਸਨਮੁੱਖ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ (ਕਾਪੀ ਨੱਥੀ)।

3. ਦਿਵਿਆਂਗਜਨਾਂ ਦੀ ਭਲਾਈ ਲਈ ਕੰਮ ਕਰਦੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਪੰਜਾਬ ਦੇ ਕਈ ਦਫ਼ਤਰਾਂ ਵਿੱਚ ਨੇਤਰਹੀਣ ਅਤੇ ਲੱਤਾਂ ਤੋਂ ਦਿਵਿਆਂਗ (Locomotor Disability) ਕਰਮਚਾਰੀਆਂ ਨੂੰ ਰਾਤ ਦੇ ਸਮੇਂ ਡਿਊਟੀ ਕਰਨ ਲਈ ਕਿਹਾ ਜਾਂਦਾ ਹੈ, ਜਿਸ ਕਾਰਨ ਨੇਤਰਹੀਣ ਅਤੇ ਲੱਤਾਂ ਤੋਂ ਦਿਵਿਆਂਗ (Locomotor Disability) ਕਰਮਚਾਰੀਆਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

4. ਇਸ ਲਈ ਵਿਭਾਗ ਦੀਆਂ ਉਕਤ ਹਦਾਇਤਾਂ ਮਿਤੀ 04-02-2020 ਦੀ ਲਗਾਤਾਰਤਾ ਵਿੱਚ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਸਰਕਾਰੀ ਦਫਤਰਾਂ ਵਿਖੇ ਕੰਮ ਕਰਦੇ ਨੇਤਰਹੀਣ ਅਤੇ ਲੱਤਾਂ ਤੋਂ ਦਿਵਿਆਂਗ (Locomotor Disability) ਕਰਮਚਾਰੀਆਂ ਨੂੰ ਰਾਤ ਦੀ ਡਿਊਟੀ ਤੋਂ ਛੋਟ ਦਿੱਤੀ ਜਾਵੇ।

P.T.O.

5. ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਇਆ ਜਾਵੇ।

6. ਇਹ ਹਦਾਇਤਾਂ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਦੇ ਸਨਮੁੱਖ ਜਾਰੀ ਕੀਤੀਆਂ ਜਾਂਦੀਆਂ ਹਨ।

ਅਧੀਨ ਸਕੱਤਰ 13/8/2025

ਇਸ ਦਾ ਇੱਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਵਿਭਾਗ ਅਤੇ ਇਸ ਦੇ ਅਧੀਨ ਆਉਂਦੇ ਬੋਰਡਾਂ/ਕਾਰਪੋਰੇਸ਼ਨਾਂ ਵੱਲੋਂ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਅਧੀਨ ਸਕੱਤਰ 13/8/25

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਅੰ:ਵਿ:ਪੰ:ਨੰ: SSWCD-5/8/2025-3DC/ 1175838 ਮਿਤੀ: 13-8-25
ਪਿ:ਅੰ:ਪੰ:ਨੰ: SSWCD-5/8/2025-3DC/ 1175838/1 ਮਿਤੀ: 13-8-25

ਇਸ ਦਾ ਇੱਕ ਉਤਾਰਾ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੂੰ ਉਨ੍ਹਾਂ ਦੀ ਸਿੰਗਲ ਮਿਸਲ ਨੰ: DSSWCD-14012/12/2025-PWD ਦੇ ਹਵਾਲੇ ਵਿੱਚ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ 13/8/25